**SANTA CLARA VALLEY HEALTHCARE**

# ਸਰਪ੍ਰਾਈਜ਼ ਮੈਡੀਕਲ ਬਿਲਾਂ ਦੇ ਖਿਲਾਫ਼ ਤੁਹਾਡੇ ਅਧਿਕਾਰ ਅਤੇ ਸੁਰੱਖਿਆ

ਜਦੋਂ ਤੁਸੀਂ ਇੱਕ ਨੈੱਟਵਰਕ-ਅੰਦਰਲੇ ਹਸਪਤਾਲ ਜਾਂ ਐਮਬੂਲੇਟ੍ਰੀ ਸਰਜੀਕਲ ਸੈਂਟਰ 'ਤੇ ਨੈੱਟਵਰਕ-ਤੋਂ-ਬਾਹਰ ਕਿਸੇ ਪ੍ਰਦਾਤਾ ਦੁਆਰਾ ਆਪਾਤਕਾਲ ਦੇਖਭਾਲ ਪ੍ਰਾਪਤ ਕਰਦੇ ਹੋ ਜਾਂ ਇਹਨਾਂ ਵਲੋਂ ਤੁਹਾਡਾ ਇਲਾਜ ਕੀਤਾ ਜਾਂਦਾ ਹੈ, ਤੁਹਾਨੂੰ ਬੈਲੇਂਸ ਬਿਲਿੰਗ ਤੋਂ ਸੁਰੱਖਿਅਤ ਰੱਖਿਆ ਜਾਂਦਾ ਹੈ। ਇਹਨਾਂ ਮਾਮਲਿਆਂ ਵਿੱਚ, ਤੁਹਾਨੂੰ ਤੁਹਾਡੇ ਪਲੈਨ ਦੇ ਸਹਿ-ਭੁਗਤਾਨਾਂ, ਸਹਿ-ਬੀਮਾ ਅਤੇ/ਜਾਂ ਕਟੌਤੀ ਤੋਂ ਜ਼ਿਆਦਾ ਖਰਚਾ ਨਹੀਂ ਪਾਇਆ ਜਾਣਾ ਚਾਹੀਦਾ।

**<u>"ਬੈਲੇਂਸ ਬਿਲਿੰਗ" (ਕਈ ਵਾਰ "ਸਰਪ੍ਰਾਈਜ਼ ਬਿਲਿੰਗ" ਕਿਹਾ ਜਾਂਦਾ ਹੈ) ਕੀ ਹੈ?</u>**

ਜਦੋਂ ਤੁਸੀਂ ਇੱਕ ਡਾਕਟਰ ਜਾਂ ਦੂਜੇ ਸਿਹਤ ਸੰਭਾਲ ਪ੍ਰਦਾਤਾ ਨੂੰ ਮਿਲਦੇ ਹੋ, ਤੁਸੀਂ ਕੁਝ ਆਊਟ-ਔਫ-ਪਾਕੇਟ ਖਰਚਿਆਂ ਲਈ ਦੇਣਦਾਰ ਹੁੰਦੇ ਹੋ, ਜਿਵੇਂ ਕਿ ਇੱਕ ਸਹਿ-ਭੁਗਤਾਨ, ਸਹਿ-ਬੀਮਾ, ਜਾਂ ਕਟੌਤੀ। ਜੇ ਤੁਸੀਂ ਅਜਿਹੇ ਕਿਸੇ ਪ੍ਰਦਾਤਾ ਨੂੰ ਮਿਲਦੇ ਹੋ ਜਾਂ ਕਿਸੇ ਸਿਹਤ ਦੇਖਭਾਲ ਸੁਵਿਧਾ ਕੇਂਦਰ ਤੇ ਜਾਂਦੇ ਹੋ ਜੋ ਤੁਹਾਡੇ ਹੈਲਥ ਪੈਲਨ ਦੇ ਨੈੱਟਵਰਕ ਅੰਦਰ ਨਹੀਂ ਹੁੰਦਾ ਹੈ, ਤਾਂ ਤੁਹਾਡਾ ਵਾਧੂ ਖਰਚਾ ਹੋ ਸਕਦਾ ਹੈ ਜਾਂ ਸਾਰੇ ਬਿੱਲ ਦਾ ਭੁਗਤਾਨ ਕਰਨਾ ਪੈ ਸਕਦਾ ਹੈ।

"ਨੈੱਟਵਰਕ-ਤੋਂ-ਬਾਹਰ" ਦਾ ਮਤਲਬ ਅਜਿਹੇ ਪ੍ਰਦਾਤਾਵਾਂ ਅਤੇ ਸੁਵਿਧਾ-ਕੇਂਦਰਾਂ ਤੋਂ ਹੈ ਜਿਹਨਾਂ ਨੇ ਸੇਵਾਵਾਂ ਪ੍ਰਦਾਨ ਕਰਨ ਲਈ ਤੁਹਾਡੇ ਹੈਲਥ ਪਲੈਨ ਦੇ ਨਾਲ ਸਮਝੌਤੇ 'ਤੇ ਹਸਤਾਖਰ ਨਹੀਂ ਕੀਤੇ ਹਨ। ਨੈੱਟਵਰਕ-ਤੋਂ-ਬਾਹਰ ਪ੍ਰਦਾਤਾਵਾਂ ਨੂੰ ਤੁਹਾਡੇ ਪਲੈਨ ਦੁਆਰਾ ਭੁਗਤਾਨ ਕੀਤੀ ਰਕਮ ਅਤੇ ਕਿਸੇ ਸੇਵਾ ਲਈ ਵਸੂਲੀ ਗਈ ਪੂਰੀ ਰਕਮ ਦੇ ਵਿੱਚਕਾਰ ਅੰਤਰ ਲਈ ਤੁਹਾਨੂੰ ਬਿੱਲ ਲਗਾਉਣ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ। ਇਸ ਨੂੰ "**ਬੈਲੇਂਸ ਜਾਂ ਬਕਾਇਆ ਬਿਲਿੰਗ**" ਕਿਹਾ ਜਾਂਦਾ ਹੈ। ਇਹ ਸੰਭਾਵਨਾ ਹੁੰਦੀ ਹੈ ਕਿ ਇਹ ਰਕਮ ਸਮਾਨ ਸੇਵਾ ਲਈ ਨੈੱਟਵਰਕ-ਅੰਦਰਲੀਆਂ ਲਾਗਤਾਂ ਤੋਂ ਜ਼ਿਆਦਾ ਹੋਵੇਗੀ ਅਤੇ ਸ਼ਾਇਦ ਤੁਹਾਡੇ ਪਲੈਨ ਦੀ ਕਟੌਤੀ ਜਾਂ ਸਾਲਾਨਾ ਆਊਟ-ਔਫ-ਪਾਕੇਟ ਸੀਮਾ ਵੱਲ ਗਿਣੀ ਨਹੀਂ ਜਾ ਸਕਦੀ।

"ਸਰਪ੍ਰਾਈਜ਼ ਬਿਲਿੰਗ" ਇੱਕ ਅਣਅਪੇਖਿਅਤ ਬੈਲੇਂਸ ਬਿਲਿੰਗ ਹੈ। ਇਹ ਉਦੋਂ ਲੱਗਦੀ ਹੈ ਜਦੋਂ ਤੁਸੀ ਆਪਣੀ ਦੇਖਭਾਲ ਵਿੱਚ ਸ਼ਾਮਲ ਵਿਅਕਤੀਆਂ 'ਤੇ ਨਿਯੰਤ੍ਰਣ ਨਹੀਂ ਰੱਖ ਸਕਦੇ—ਜਿਵੇਂ ਕਿ ਜਦੋਂ ਤੁਹਾਨੂੰ ਕੋਈ ਆਪਾਤਕਾਲ ਸਥਿਤੀ ਹੁੰਦੀ ਹੈ ਜਾਂ ਜਦੋਂ ਤੁਸੀਂ ਨੈੱਟਵਰਕ-ਅੰਦਰਲੇ ਸੁਵਿਧਾ ਕੇਂਦਰ 'ਤੇ ਮੁਲਾਕਾਤ ਤੈਅ ਕਰਦੇ ਹੋ ਪਰ ਅਣਅਪੇਖਿਅਤ ਤੌਰ 'ਤੇ ਕਿਸੇ ਨੈੱਟਵਰਕ-ਤੋਂ-ਬਾਹਰਲੇ ਪ੍ਰਦਾਤਾ ਦੁਆਰਾ ਇਲਾਜ ਕੀਤਾ ਜਾਂਦਾ ਹੈ। ਕਾਰਜਵਿਧੀ ਜਾਂ ਸੇਵਾ ਉੱਤੇ ਨਿਰਭਰ ਕਰਕੇ, ਸਰਪ੍ਰਾਈਜ਼ ਮੈਡੀਕਲ ਬਿੱਲਾਂ ਦੀ ਲਾਗਤ ਕਈ ਹਜ਼ਾਰ ਡਾਲਰ ਹੋ ਸਕਦੀ ਹੈ।

**<u>ਤੁਹਾਨੂੰ ਹੇਠ ਲਿਖੇ ਲਈ ਬੈਲੇਂਸ ਬਿਲਿੰਗ ਤੋਂ ਸੁਰੱਖਿਅਤ ਕੀਤਾ ਜਾਂਦਾ ਹੈ:</u>**

**ਆਪਾਤਕਾਲ ਸੇਵਾਵਾਂ**
ਜੇ ਤੁਹਾਨੂੰ ਕੋਈ ਆਪਾਤਕਾਲ ਮੈਡੀਕਲ ਸਥਿਤੀ ਹੁੰਦੀ ਹੈ ਅਤੇ ਕਿਸੇ ਨੈੱਟਵਰਕ-ਤੋਂ-ਬਾਹਰਲੇ ਪ੍ਰਦਾਤਾ ਜਾਂ ਸੁਵਿਧਾ-ਕੇਂਦਰ ਤੋਂ ਆਪਾਤਕਾਲ ਸੇਵਾਵਾਂ ਲੈਂਦੇ ਹੋ, ਤਾਂ ਉਹ ਤੁਹਾਨੂੰ ਵਧ ਤੋਂ ਵਧ ਤੁਹਾਡੇ ਪਲੈਨ ਦੀ ਨੈੱਟਵਰਕ-ਅੰਦਰਲੀ ਲਾਗਤ-ਸਾਂਝ ਰਕਮ ਜਿੰਨਾ ਉਹ ਬਿੱਲ ਪਾ ਸਕਦੇ ਹਨ (ਜਿਵੇਂ ਕਿ ਸਹਿ-ਭੁਗਤਾਨ, ਸਹਿ-ਬੀਮਾ, ਅਤੇ ਕਟੌਤੀਆਂ)। ਤੁਹਾਨੂੰ ਇਹਨਾਂ ਆਪਾਤਕਾਲ ਸੇਵਾਵਾਂ ਲਈ ਬੈਲੇਂਸ ਬਿੱਲ **ਨਹੀਂ** ਲਗਾਇਆ **ਜਾ ਸਕਦਾ**। ਇਸ ਵਿੱਚ ਉਹ ਸੇਵਾਵਾਂ ਸ਼ਾਮਲ ਹਨ ਜੋ ਤੁਸੀਂ ਆਪਣੀ ਹਾਲਤ ਸਥਿਰ ਹੋਣ ਤੋਂ ਬਾਅਦ ਪ੍ਰਾਪਤ ਕਰ ਸਕਦੇ ਹੋ, ਜਦੋਂ ਤਕ ਤੁਸੀਂ ਲਿਖਤ ਸਹਿਮਤੀ ਨਹੀਂ ਦਿੰਦੇ ਅਤੇ ਇਹਨਾਂ ਸਥਿਤੀਕਰਨ-ਮਗਰਲੀਆਂ ਸੇਵਾਵਾਂ ਲਈ ਬਕਾਇਆ ਬਿੱਲ ਨਾ ਪਾਏ ਜਾਣ ਲਈ ਆਪਣੀ ਸੁਰੱਖਿਆ ਦਾ ਤਿਆਗ ਨਹੀਂ ਕਰਦੇ ਹੋ।

ਕੈਲੀਫੋਰਨੀਆ ਦਾ ਕਾਨੂੰਨ ਰਾਜ ਦੁਆਰਾ ਚਲਾਏ ਗਏ ਪਲੈਨਸ ਵਿੱਚ ਭਰਤੀ ਵਿਅਕਤੀਆਂ ਨੂੰ ਸੁਰੱਖਿਅਤ ਕਰਦਾ ਹੈ ਜਦੋਂ ਇੱਕ ਭਰਤੀ ਵਿਅਕਤੀ ਅਜਿਹੇ ਕਿਸੇ ਡਾਕਟਰ ਜਾਂ ਹਸਪਤਾਲ ਤੋਂ ਆਪਾਤਕਾਲ ਸੇਵਾਵਾਂ ਪ੍ਰਾਪਤ ਕਰਦਾ ਹੈ ਜਿਸਦਾ ਮਰੀਜ਼ ਦੇ ਹੈਲਥ ਪਲੈਨ ਜਾਂ ਮੈਡੀਕਲ ਗਰੁੱਪ ਦੇ ਨਾਲ ਕੋਈ ਅਨੁਬੰਧ ਨਹੀਂ ਹੈ। ਕਵਰ ਕੀਤੇ ਹਾਲਾਤਾਂ ਵਿੱਚ, ਪ੍ਰਦਾਤਾ ਉਪਭੋਗਤਾਵਾਂ ਨੂੰ ਉਹਨਾਂ ਦੀ ਨੈੱਟਵਰਕ-ਅੰਦਰਲੀ ਲਾਗਤ ਸਾਂਝ ਤੋਂ ਜ਼ਿਆਦਾ ਬਿੱਲ ਨਹੀਂ ਲਗਾ ਸਕਦੇ।

**ਇੱਕ ਨੈੱਟਵਰਕ-ਅੰਦਰਲੇ ਹਸਪਤਾਲ ਜਾਂ ਐਮਬੂਲੇਟ੍ਰੀ ਸਰਜੀਕਲ ਸੈਂਟਰ 'ਤੇ ਕੁਝ ਸੇਵਾਵਾਂ**

ਜਦੋਂ ਤੁਸੀਂ ਇੱਕ ਨੈੱਟਵਰਕ-ਅੰਦਰਲੇ ਹਸਪਤਾਲ ਜਾਂ ਐਮਬੁਲੇਟ੍ਰੀ ਸਰਜੀਕਲ ਸੈਂਟਰ ਤੋਂ ਸੇਵਾਵਾਂ ਲੈਂਦੇ ਹੋ, ਤਾਂ ਉੱਥੇ ਕੁਝ ਪ੍ਰਦਾਤਾ ਨੈੱਟਵਰਕ-ਤੋਂ-ਬਾਹਰ ਹੋ ਸਕਦੇ ਹਨ। ਇਹਨਾਂ ਮਾਮਲਿਆਂ ਵਿੱਚ, ਤੁਹਾਡੇ ਪ੍ਰਦਾਤਾ ਤੁਹਾਨੂੰ ਵਧ ਤੋਂ ਵਧ ਉਸ ਰਕਮ ਦਾ ਬਿੱਲ ਪਾ ਸਕਦੇ ਹਨ ਜੋ ਤੁਹਾਡੇ ਪਲੈਨ ਦੀ ਨੈੱਟਵਰਕ-ਅੰਦਰਲੀ ਲਾਗਤ-ਸਾਂਝ ਰਕਮ ਹੁੰਦੀ ਹੈ। ਇਹ ਆਪਾਤਕਾਲ ਦਵਾਈ, ਸੁੰਨਕਾਰੀ ਦਵਾਪੈਥੋਲੋਜੀ, ਰੇਡੀਓਲੋਜੀ, ਰਸਾਇਣਸ਼ਾਲਾ, ਨਿਓਨੈਟੇਲੋਜੀ, ਸਹਾਇਕ ਸਰਜਨ, ਹਸਪਤਾਲ ਵਿੱਚ ਡਾਕਟਰ, ਜਾਂ ਇਨਟੈਨਸਿਵਿਸਟ ਸੇਵਾਵਾਂ ਲਈ ਲਾਗੂ ਹੁੰਦਾ ਹੈ। ਇਹ ਪ੍ਰਦਾਤਾ ਤੁਹਾਨੂੰ ਬਕਾਇਆ ਬਿੱਲ **ਨਹੀਂ ਲਗਾ ਸਕਦੇ** ਅਤੇ ਤੁਹਾਨੂੰ ਇਹ **ਨਹੀਂ** ਕਹਿ ਸਕਦੇ ਕਿ ਤੁਸੀਂ ਬਕਾਇਆ ਬਿੱਲ ਨਾ ਲਗਾਏ ਜਾਣ ਲਈ ਆਪਣੀ ਸੁਰੱਖਿਆ ਨੂੰ ਛੱਡ ਦਿਓ।

ਜੇ ਤੁਸੀਂ ਇਹਨਾਂ ਨੈੱਟਵਰਕ-ਅੰਦਰਲੇ ਸੁਵਿਧਾ ਕੇਂਦਰਾਂ ਤੋਂ ਹੋਰ ਕਿਸਮ ਦੀਆਂ ਸੇਵਾਵਾਂ ਪ੍ਰਾਪਤ ਕਰਦੇ ਹੋ, ਤਾਂ ਨੈੱਟਵਰਕ-ਤੋਂ-ਬਾਹਰ ਪ੍ਰਦਾਤਾ ਤੁਹਾਨੂੰ ਬਕਾਇਆ ਬਿੱਲ **ਨਹੀਂ ਲਗਾ ਸਕਦੇ** ਜਦੋਂ ਤਕ ਤੁਸੀਂ ਲਿਖਤ ਸਹਿਮਤੀ ਨਹੀਂ ਦਿੰਦੇ ਅਤੇ ਆਪਣੀ ਸੁਰੱਖਿਆ ਦਾ ਤਿਆਗ ਨਹੀਂ ਕਰਦੇ ਹੋ।

**ਤੁਹਾਨੂੰ <u>ਕਦੇ ਵੀ</u> ਬਕਾਇਆ ਬਿਲਿੰਗ ਤੋਂ ਆਪਣੀ ਸੁਰੱਖਿਆ ਦਾ ਤਿਆਗ ਕਰਨ ਦੀ ਲੋੜ ਨਹੀਂ ਹੁੰਦੀ ਹੈ। ਤੁਹਾਨੂੰ ਨੈੱਟਵਰਕ-ਤੋਂ-ਬਾਹਰ ਦੇਖਭਾਲ ਪ੍ਰਾਪਤ ਕਰਨ ਦੀ ਲੋੜ ਵੀ ਨਹੀਂ ਹੁੰਦੀ ਹੈ। ਤੁਸੀਂ ਆਪਣੇ ਪਲੈਨ ਦੇ ਨੈੱਟਵਰਕ ਅੰਦਰ ਇੱਕ ਪ੍ਰਦਾਤਾ ਜਾਂ ਸੁਵਿਧਾ ਕੇਂਦਰ ਚੁਣ ਸਕਦੇ ਹੋ।**

ਕੈਲੀਫੋਰਨੀਆ ਦਾ ਕਾਨੂੰਨ ਰਾਜ ਦੁਆਰਾ ਨਿਯੰਤ੍ਰਿਤ ਪਲੈਨ ਵਿੱਚ ਭਰਤੀ ਵਿਅਕਤੀਆਂ ਦੀ ਸਰਪ੍ਰਾਈਜ਼ ਮੈਡੀਕਲ ਬਿੱਲਾਂ ਤੋਂ ਰੱਖਿਆ ਕਰਦਾ ਹੈ ਜਦੋਂ ਇੱਕ ਭਰਤੀ ਵਿਅਕਤੀ ਨੈੱਟਵਰਕ-ਅੰਦਰਲੇ ਸੁਵਿਧਾ-ਕੇਂਦਰ ਜਿਵੇਂ ਕਿ ਹਸਪਤਾਲ, ਲੈਬ ਜਾਂ ਇਮੇਜਿੰਗ ਸੈਂਟਰ ਤੋਂ ਨਿਰਧਾਰਤ ਦੇਖਭਾਲ ਪ੍ਰਾਪਤ ਕਰਦਾ ਹੈ, ਪਰ ਸੇਵਾਵਾਂ ਨੈੱਟਵਰਕ-ਤੋਂ-ਬਾਹਰ ਪ੍ਰਦਾਤਾ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਕਵਰ ਕੀਤੇ ਹਾਲਾਤਾਂ ਵਿੱਚ, ਪ੍ਰਦਾਤਾ ਉਪਭੋਗਤਾਵਾਂ ਨੂੰ ਉਹਨਾਂ ਦੀ ਨੈੱਟਵਰਕ-ਅੰਦਰਲੀ ਲਾਗਤ ਸਾਂਝ ਤੋਂ ਜ਼ਿਆਦਾ ਬਿੱਲ ਨਹੀਂ ਲਗਾ ਸਕਦੇ। ਹੋਰ ਤਾਂ ਹੋਰ, ਬੀਮਾ ਨਾ ਕੀਤੇ ਵਿਅਕਤੀਆਂ ਲਈ, ਹਸਪਤਾਲਾਂ ਨੂੰ ਮਰੀਜ਼ ਨੂੰ ਉਸ ਰਕਮ ਦਾ ਲਿਖਤ ਅਨੁਮਾਨ ਦੇਣਾ ਜ਼ਰੂਰ ਚਾਹੀਦਾ ਹੈ ਜਿਸਦੀ ਲੋੜ ਹਸਪਤਾਲ ਨੂੰ ਸੇਵਾ ਦੇ ਸਮੇਂ ਲਈ ਅਣਅਪੇਖਿਅਤ ਸੇਵਾਵਾਂ ਲਈ ਹੋਵੇਗੀ।

**<u>ਜਦੋਂ ਬੈਲੇਂਸ ਬਿਲਿੰਗ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ ਹੈ, ਤਾਂ ਤੁਹਾਡੇ ਕੋਲ ਇਹ ਸੁਰੱਖਿਆ ਵੀ ਹੁੰਦੀ ਹੈ:</u>**

- ਤੁਸੀਂ ਸਿਰਫ਼ ਆਪਣੀ ਲਾਗਤ ਦੇ ਹਿੱਸੇ ਦਾ ਭੁਗਤਾਨ ਕਰਨ ਲਈ ਜ਼ਿੰਮੇਵਾਰ ਹੁੰਦੇ ਹੋ (ਜਿਵੇਂ ਕਿ ਸਹਿ-ਭੁਗਤਾਨ, ਸਹਿ-ਬੀਮਾ, ਅਤੇ ਕਟੌਤੀ ਜਿਸਦਾ ਭੁਗਤਾਨ ਤੁਸੀਂ ਤਾਂ ਕਰੋਗੇ ਜੇ ਪ੍ਰਦਾਤਾ ਜਾਂ ਸੁਵਿਧਾ-ਕੇਂਦਰ ਨੈੱਟਵਰਕ-ਅੰਦਰ ਸੀ)। ਤੁਹਾਡਾ ਹੈਲਥ ਪਲੈਨ ਨੈੱਟਵਰਕ-ਤੋਂ-ਬਾਹਰ ਪ੍ਰਦਾਤਾਵਾਂ ਅਤੇ ਸੁਵਿਧਾ-ਕੇਂਦਰਾਂ ਨੂੰ ਕਿਸੇ ਵਾਧੂ ਲਾਗਤਾਂ ਦਾ ਸਿੱਧਾ ਭੁਗਤਾਨ ਕਰੇਗਾ।
- ਸਾਧਾਰਨ ਤੌਰ 'ਤੇ, ਤੁਹਾਡੇ ਹੈਲਥ ਪਲੈਨ ਲਈ ਲਾਜ਼ਮੀ ਹੈ:
    - ਆਪਾਤਕਾਲ ਸੇਵਾਵਾਂ ਨੂੰ ਕਵਰ ਕਰੇ ਜਿਸ ਲਈ ਤੁਹਾਨੂੰ ਸੇਵਾਵਾਂ ਲਈ ਅਗਾਊਂ ਮਨਜ਼ੂਰੀ ਲੈਣ ਦੀ ਲੋੜ ਨਾ ਹੋਵੇ ("ਪੂਰਵ ਅਧਿਕਾਰ-ਸੌਂਪਣੀ")।
    - ਨੱਟਵਰਕ-ਤੋਂ-ਬਾਹਰ ਪ੍ਰਦਾਤਾਵਾਂ ਦੁਆਰਾ ਆਪਾਤਕਾਲ ਸੇਵਾਵਾਂ ਨੂੰ ਕਵਰ ਕਰੇ।
    - ਜੋ ਤੁਸੀਂ ਪ੍ਰਦਾਤਾ ਜਾਂ ਸੁਵਿਧਾ-ਕੇਂਦਰ ਨੂੰ ਦੇਣਾ ਹੈ (ਲਾਗਤ-ਸਾਂਝ), ਉਸ ਰਕਮ ਨੂੰ ਅਜਿਹੀ ਰਕਮ 'ਤੇ ਆਧਾਰਿਤ ਕਰs ਜੋ ਇਹ ਨੈੱਟਵਰਕ-ਅੰਦਰਲੇ ਪ੍ਰਦਾਤਾ ਜਾਂ ਸੁਵਿਧਾ-ਕੇਂਦਰ ਨੂੰ ਅਦਾ ਕਰੇਗਾ ਅਤੇ ਉਸ ਰਕਮ ਨੂੰ ਆਪਣੇ ਲਾਭਾਂ ਦੇ ਵਰਣਨ ਵਿੱਚ ਦਿਖਾਏ।
    - ਤੁਹਾਡੇ ਵਲੋਂ ਆਪਾਤਕਾਲ ਸੇਵਾਵਾਂ ਜਾਂ ਨੈੱਟਵਰਕ-ਤੋਂ-ਬਾਹਰ ਸੇਵਾਵਾਂ ਲਈ ਭੁਗਤਾਨ ਕੀਤੀ ਜਾਂਦੀ ਰਕਮ ਨੂੰ ਤੁਹਾਡੀ ਨੈੱਟਵਰਕ-ਅੰਦਰਲੀ ਕਟੌਤੀ ਅਤੇ ਆਊਟ-ਔਫ-ਪਾਕੇਟ ਸੀਮਾ ਵੱਲ ਗਿਣੇ।

**ਜੇ ਤੁਸੀਂ ਸੋਚਦੇ ਹੋ ਕਿ ਤੁਹਾਨੂੰ ਗ਼ਲਤ ਬਿੱਲ ਲਗਾਇਆ ਗਿਆ ਹੈ**, ਤਾਂ ਕੈਲੀਫੋਰਨੀਆ ਡਿਪਰਾਟਮੈਂਟ ਔਫ ਮੈਨੇਜਡ ਹੈਲਥ ਕੇਅਰ ਨਾਲ 1-888-466-2219 'ਤੇ ਜਾਂ ਰਾਜ ਦੁਆਰਾ ਨਿਯੰਤ੍ਰਿਤ ਪਲੈਨਸ ਨਾਲ ਜੁੜੇ ਪਾਲਣਾ-ਸਬੰਧੀ ਮੁੱਦਿਆਂ ਲਈ 1-800-927-4357 'ਤੇ ਕੈਲੀਫੋਰਨੀਆ ਬੀਮਾ ਵਿਭਾਗ ਨਾਲ ਸੰਪਰਕ ਕਰੋ, ਜਾਂ ਸੰਘ ਦੁਆਰਾ ਨਿਯੰਤ੍ਰਿਤ ਪਲੈਨਸ ਨਾਲ ਜੁੜੇ ਪਾਲਣਾ-ਸਬੰਧਤ ਮੁੱਦਿਆਂ ਲਈ Medicare ਅਤੇ Medicaid ਸੇਵਾਵਾਂ ਲਈ ਯੂ.ਐਸ. ਕੇਂਦਰਾਂ ਨਾਲ 1-800-985-3059 (https://www.cms.gov/nosurprises/consumers) 'ਤੇ ਸੰਪਰਕ ਕਰੋ।

ਸੰਘੀ ਕਾਨੂੰਨ ਦੇ ਤਹਿਤ ਆਪਣੇ ਅਧਿਕਾਰਾਂ ਬਾਰੇ ਜ਼ਿਆਦਾ ਜਾਣਕਾਰੀ ਲਈ www.cms.gov/nosurprises 'ਤੇ ਜਾਓ।

ਰਾਜ ਕਾਨੂੰਨ ਦੇ ਤਹਿਤ ਆਪਣੇ ਅਧਿਕਾਰਾਂ ਬਾਰੇ ਜ਼ਿਆਦਾ ਜਾਣਕਾਰੀ ਲਈ www.HealthHelp.ca.gov 'ਤੇ ਜਾਓ।